ਇਹ ਜਾਣਕਾਰੀ ਇਹ ਦੱਸਦੀ ਹੈ ਕਿ ਅਪੀਲ ਦੇ ਆਪਣੇ ਪੱਖ ਦੀ ਮਦਦ ਲਈ ਫਾਇਦੇਮੰਦ ਸਬੂਤ ਕਿਵੇਂ ਇਕੱਠੇ ਕਰਨੇ ਹਨ। ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਬੇਝਿਜਕ ਸਾਡੀ ਟੀਮ ਨੂੰ ਫੋਨ ਕਰੋ: 604-664-7800 ਜਾਂ 1-800-663-2782।

## WCAT ਦੇ ਸਾਹਮਣੇ ਸਬੂਤ ਪੇਸ਼ ਕਰਨਾ

ਤੁਹਾਡੀ ਅਪੀਲ 'ਤੇ ਫੈਸਲਾ ਲੈਣ ਤੋਂ ਪਹਿਲਾਂ, ਵਾਈਸ ਚੇਅਰ ਫਾਈਲ 'ਚ ਸ਼ਾਮਲ ਸਬੂਤਾਂ 'ਤੇ ਵਿਚਾਰ ਕਰੇਗਾ, ਜਿਸ ਵਿੱਚ ਕਲੇਮ ਦੀ ਫਾਈਲ ਵਿੱਚ ਸ਼ਾਮਲ ਕੋਈ ਵੀ ਜਾਣਕਾਰੀ ਅਤੇ ਤੁਹਾਡੇ ਦੁਆਰਾ ਜਾਂ ਕਿਸੇ ਹੋਰ ਦੁਆਰਾ ਰਿਵਿਊ ਡਿਵੀਜ਼ਨ ਨੂੰ ਜਮ੍ਹਾਂ ਕਰਵਾਈ ਗਈ ਜਾਣਕਾਰੀ ਸ਼ਾਮਲ ਹੁੰਦੀ ਹੈ। ਸਬੂਤ ਉਹ ਜਾਣਕਾਰੀ ਹੁੰਦੀ ਹੈ ਜੋ ਇਹ ਸਿੱਧ ਕਰਨ ਵਿੱਚ ਮਦਦ ਕਰਦੀ ਹੈ ਕਿ ਕੀ ਵਾਪਰਿਆ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਫਾਈਲ 'ਚ ਦਿੱਤੀ ਗਈ ਜਾਣਕਾਰੀ ਪੂਰੀ ਨਹੀਂ ਹੈ ਜਾਂ ਤੁਹਾਡੀ ਸਥਿਤੀ ਦਾ ਪੂਰੀ ਤਰ੍ਹਾਂ ਸਮਰਥਨ ਨਹੀਂ ਕਰਦੀ ਹੈ ਤਾਂ ਤੁਸੀਂ ਅਪੀਲ 'ਤੇ ਹੋਰ ਸਬੂਤ ਦੇਣਾ ਚਾਹ ਸਕਦੇ ਹੋ। ਇਹ ਨਵੇਂ ਸਬੂਤਾਂ ਦੀਆਂ ਕੁਝ ਉਦਾਹਰਨਾਂ ਹਨ ਜੋ ਅਪੀਲ 'ਤੇ ਦਿੱਤੀਆਂ ਜਾ ਸਕਦੀਆਂ ਹਨ।

**ਓਰਲ ਹੀਅਰਿੰਗ (ਜ਼ਬਾਨੀ ਸੁਣਵਾਈ) 'ਤੇ ਗਵਾਹੀ ਦੇਣ ਵਾਲੇ ਗਵਾਹਾਂ ਤੋਂ ਸਬੂਤ:** ਜੇਕਰ ਤੁਸੀਂ ਅਪੀਲ ਸ਼ੁਰੂ ਕੀਤੀ ਹੈ, ਤਾਂ ਤੁਸੀਂ ਸ਼ਾਇਦ ਸੁਣਵਾਈ 'ਤੇ ਮੁੱਖ ਗਵਾਹ ਹੋਵੋਗੇ। ਤੁਸੀਂ ਗਵਾਹਾਂ ਨੂੰ ਗਵਾਹੀ ਦੇਣ ਲਈ ਕਹਿ ਸਕਦੇ ਹੋ ਜੇਕਰ ਅਜਿਹੇ ਲੋਕ ਹਨ ਜੋ ਉਹਨਾਂ ਤੱਥਾਂ ਬਾਰੇ ਜਾਣਦੇ ਹਨ ਜੋ ਤੁਸੀਂ ਸਾਬਤ ਕਰਨਾ ਚਾਹੁੰਦੇ ਹੋ। ਉਦਾਹਰਨ ਵਜੋਂ, ਕੀ ਅਜਿਹੇ ਲੋਕ ਹਨ ਜੋ ਪੁਸ਼ਟੀ ਕਰ ਸਕਦੇ ਹਨ ਕਿ ਕੀ ਹੋਇਆ? ਜੇਕਰ ਤੁਹਾਡੇ ਗਵਾਹ ਸੁਣਵਾਈ ਵਿੱਚ ਸ਼ਾਮਲ ਹੋ ਰਹੇ ਹਨ, ਤਾਂ ਤੁਹਾਡੇ ਲਈ ਸੁਣਵਾਈ ਤੋਂ ਘੱਟੋ-ਘੱਟ 21 ਦਿਨ ਪਹਿਲਾਂ WCAT ਨੂੰ ਸੂਚਿਤ ਕਰਨਾ ਜ਼ਰੂਰੀ ਹੈ। ਜੇਕਰ ਉਹਨਾਂ ਕੋਲ ਸੰਬੰਧਿਤ ਜਾਣਕਾਰੀ ਹੈ, ਪਰ ਗਵਾਹੀ ਦੇਣ ਲਈ ਸਹਿਮਤ ਨਹੀਂ ਹੋਣਗੇ, ਤਾਂ ਤੁਸੀਂ WCAT ਨੂੰ ਉਹਨਾਂ ਨੂੰ ਪੇਸ਼ ਹੋਣ ਦਾ ਹੁਕਮ ਦੇਣ ਲਈ ਕਹਿ ਸਕਦੇ ਹੋ। ਤੁਹਾਨੂੰ ਸੁਣਵਾਈ ਤੋਂ ਘੱਟੋ-ਘੱਟ 21 ਦਿਨ ਪਹਿਲਾਂ ਇਸ ਤਰ੍ਹਾਂ ਦੀਆਂ ਕੋਈ ਵੀ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ।

**ਅਪੀਲ ਬਾਰੇ ਜਾਣਕਾਰੀ ਰੱਖਣ ਵਾਲੇ ਗਵਾਹਾਂ ਦੇ ਲਿਖਤੀ ਬਿਆਨ:** ਤੁਸੀਂ ਗਵਾਹਾਂ ਨੂੰ ਲਿਖਤੀ ਰੂਪ ਵਿੱਚ ਬਿਆਨ ਦੇਣ ਲਈ ਕਹਿ ਸਕਦੇ ਹੋ। ਜੇਕਰ ਤੁਹਾਡੀ ਸੁਣਵਾਈ ਹੋ ਰਹੀ ਹੈ, ਤਾਂ ਉਹਨਾਂ ਨੂੰ ਸੁਣਵਾਈ ਵਿੱਚ ਆਉਣ ਲਈ ਕਹਿਣ ਬਾਰੇ ਵਿਚਾਰ ਕਰੋ। ਜੇਕਰ ਉਹ ਸੁਣਵਾਈ ਵਿੱਚ ਨਹੀਂ ਆ ਸਕਦੇ, ਜਾਂ ਜੇਕਰ ਤੁਹਾਡੀ ਅਪੀਲ ਲਿਖਤੀ ਰੂਪ ਵਿੱਚ ਚੱਲ ਰਹੀ ਹੈ, ਤਾਂ ਤੁਸੀਂ ਉਹਨਾਂ ਤੋਂ ਲਿਖਤੀ ਬਿਆਨ ਮੰਗ ਸਕਦੇ ਹੋ।

**ਹੋਰ ਜਾਣਕਾਰੀ ਜੋ ਅਜੇ ਕਲੇਮ ਫਾਈਲ 'ਤੇ ਨਹੀਂ ਹੈ:** ਜੇਕਰ ਤੁਹਾਡੇ ਸਾਰੇ ਮੈਡੀਕਲ ਰਿਕਾਰਡ ਫਾਈਲ 'ਤੇ ਨਹੀਂ ਹਨ, ਤਾਂ ਤੁਸੀਂ ਉਹਨਾਂ ਨੂੰ ਪ੍ਰਦਾਨ ਕਰ ਸਕਦੇ ਹੋ। ਮੈਡੀਕਲ ਰਿਕਾਰਡ ਜਿਸ ਵਿੱਚ ਚਾਰਟ ਨੋਟਸ, ਇਮੇਜਿੰਗ ਰਿਪੋਰਟਾਂ ਜਾਂ ਹਸਪਤਾਲ ਦੇ ਰਿਕਾਰਡ ਵਰਗੇ ਸਬੂਤ ਸ਼ਾਮਲ ਹਨ। ਹੋਰ ਜਾਣਕਾਰੀ ਵੀ ਹੋ ਸਕਦੀ ਹੈ ਜੋ ਮਦਦਗਾਰ ਹੋਵੇ, ਜਿਵੇਂ ਕਿ ਈਮੇਲਾਂ, ਟੈਕਸਟ ਸੁਨੇਹਿਆਂ ਜਾਂ ਫੋਟੋਆਂ ਦੇ ਰਿਕਾਰਡ ਜੋ ਤੁਹਾਡੀ ਕਹਾਣੀ ਦੀ ਪੁਸ਼ਟੀ ਕਰਦੇ ਹੋਣ।

**ਮਾਹਰ ਦੀ ਗਵਾਹੀ**: ਮਾਹਰ ਉਹ ਲੋਕ ਹੁੰਦੇ ਹਨ ਜਿਨ੍ਹਾਂ ਕੋਲ ਵਿਸ਼ੇਸ਼ ਤਜਰਬਾ ਜਾਂ ਸਿਖਲਾਈ ਹੁੰਦੀ ਹੈ, ਜਿਵੇਂ ਕਿ ਡਾਕਟਰ, ਇੰਜੀਨੀਅਰ ਜਾਂ ਅਕਾਊਂਟੈਂਟ। ਤੁਹਾਨੂੰ ਉਹਨਾਂ ਚੀਜ਼ਾਂ ਬਾਰੇ ਜਾਣਕਾਰੀ ਦੇਣ ਲਈ ਕਿਸੇ ਮਾਹਰ ਦੀ ਲੋੜ ਨਹੀਂ ਹੁੰਦੀ ਜਿਨ੍ਹਾਂ ਬਾਰੇ ਤੁਸੀਂ ਖੁਦ ਸਮਝਾ ਸਕਦੇ ਹੋ, ਪਰ ਜੇਕਰ ਸਵਾਲ ਡਾਕਟਰੀ ਹੈ ਜਾਂ ਜੇਕਰ ਤੁਹਾਨੂੰ ਉਹਨਾਂ ਤੱਥਾਂ ਦੀ ਵਿਆਖਿਆ ਕਰਨ ਲਈ ਵਿਸ਼ੇਸ਼ ਗਿਆਨ ਵਾਲੇ ਮਾਹਰ ਦੀ ਲੋੜ ਹੈ ਜੋ ਤੁਸੀਂ ਸਾਬਤ ਕਰਨਾ ਚਾਹੁੰਦੇ ਹੋ, ਤਾਂ ਉਹਨਾਂ ਨੂੰ ਇੱਕ ਰਿਪੋਰਟ ਜਾਂ ਰਾਏ ਦੇਣ ਲਈ ਕਹੋ। ਉਹਨਾਂ ਨੂੰ ਉਹ ਖਾਸ ਸਵਾਲ ਦੱਸੋ ਜਿਨ੍ਹਾਂ ਦੇ ਜਵਾਬ ਤੁਸੀਂ ਉਹਨਾਂ ਤੋਂ ਚਾਹੁੰਦੇ ਹੋ, ਅਤੇ ਉਹਨਾਂ ਨੂੰ ਇਹਨਾਂ ਬਾਰੇ ਸਪਸ਼ਟ ਕਰਨ ਲਈ ਕਹੋ:

- ✓ ਉਹਨਾਂ ਦੀਆਂ ਯੋਗਤਾਵਾਂ
- ✓ ਤੁਹਾਡੀ ਡਾਕਟਰੀ ਹਾਲਤ ਬਾਰੇ ਖਾਸ ਸਵਾਲਾਂ 'ਤੇ ਉਹਨਾਂ ਦੀ ਰਾਏ ਅਤੇ ਉਹਨਾਂ ਦੀ ਰਾਏ ਦੇ ਕਾਰਨ
- ✓ ਜੇਕਰ ਉਹਨਾਂ ਦੀ ਰਾਏ ਹੋਰ ਮਾਹਰ ਦੇ ਸਬੂਤਾਂ ਤੋਂ ਵੱਖਰੀ ਹੈ, ਤਾਂ ਇਹ ਵੱਖਰੀ ਕਿਉਂ ਹੈ
- ✓ ਕੋਈ ਹੋਰ ਜਾਣਕਾਰੀ ਜੋ ਮਦਦਗਾਰ ਹੋ ਸਕਦੀ ਹੈ

ਜੇਕਰ ਤੁਹਾਨੂੰ ਆਪਣੀ ਅਪੀਲ ਲਈ ਨਵੇਂ ਸਬੂਤ ਪ੍ਰਾਪਤ ਕਰਨ ਲਈ ਪੈਸੇ ਖਰਚ ਕਰਨੇ ਪਏ, ਤਾਂ ਤੁਸੀਂ WCAT ਨੂੰ ਇਹ ਹੁਕਮ ਦੇਣ ਲਈ ਕਹਿ ਸਕਦੇ ਹੋ ਕਿ ਤੁਹਾਨੂੰ ਅਦਾਇਗੀ ਕੀਤੀ ਜਾਵੇ। ਜਦੋਂ ਤੁਸੀਂ ਨਵਾਂ ਸਬੂਤ ਪ੍ਰਦਾਨ ਕਰਦੇ ਹੋ ਤਾਂ ਕੋਈ ਵੀ ਰਸੀਦਾਂ ਜਾਂ ਇਨਵੌਇਸ ਪ੍ਰਦਾਨ ਕਰੋ। ਉਦਾਹਰਨ ਵਜੋਂ, ਜੇਕਰ ਤੁਸੀਂ ਕਿਸੇ ਰਿਪੋਰਟ ਜਾਂ ਪੱਤਰ ਲਈ ਭੁਗਤਾਨ ਕੀਤਾ ਹੈ, ਤਾਂ ਆਪਣੀ ਰਸੀਦ ਜਾਂ ਇਨਵੌਇਸ ਸ਼ਾਮਲ ਕਰੋ। ਵਾਈਸ ਚੇਅਰ ਅੰਤਿਮ ਫੈਸਲੇ ਵਿੱਚ ਤੁਹਾਡੀ ਮੰਗ ਦਾ ਹੱਲ ਕਰੇਗਾ।

ਖਰਚਿਆਂ ਬਾਰੇ ਹੋਰ ਜਾਣਕਾਰੀ ਲਈ, ਸਾਡੀ ਵੈੱਬਸਾਈਟ 'ਤੇ ਜਾਓ: wcat.bc.ca > appeal a decision > present evidence and arguments > ask for appeal expenses

## ਮਦਦ ਚਾਹੀਦੀ ਹੈ?

**ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਉ।** ਆਪਣੀ ਅਪੀਲ ਦਾ ਪੱਖ ਦੱਸਣ ਵਿੱਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਮੁਆਵਜ਼ਾ ਸਲਾਹਕਾਰ (ਕੰਪਨਸੇਸ਼ਨ ਕਨਸਲਟੈਂਟ), ਯੂਨੀਅਨ ਜਾਂ ਇਮਪਲੋਏਅਰਜ਼ ਐਸੋਸੀਏਸ਼ਨ ਦਾ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ WCAT ਤੁਹਾਨੂੰ ਨੁਮਾਇੰਦਾ ਨਿਯੁਕਤ ਕਰਨ ਦੀ ਲਾਗਤ ਦੀ ਭਰਪਾਈ ਨਹੀਂ ਕਰਦਾ ਹੈ।

**ਕਿਸੇ ਸਲਾਹਕਾਰ (ਐਡਵਾਈਜ਼ਰ) ਨਾਲ ਗੱਲ ਕਰੋ।** ਵਰਕਰਾਂ ਅਤੇ ਇਮਪਲੌਏਅਰਾਂ ਦੇ ਸਲਾਹਕਾਰ ਦਫ਼ਤਰ ਉਹਨਾਂ ਲੋਕਾਂ ਨੂੰ ਮੁਫ਼ਤ ਮਦਦ ਪ੍ਰਦਾਨ ਕਰਨ ਲਈ ਬਣਾਏ ਗਏ ਸਨ ਜੋ ਵਰਕਸੇਫਬੀਸੀ ਦੇ ਫੈਸਲੇ ਨਾਲ ਅਸਹਿਮਤ ਹੋਣ। ਉਹ ਵਰਕਸੇਫਬੀਸੀ ਤੋਂ ਆਜ਼ਾਦ ਹਨ ਅਤੇ ਕਿਰਤ ਮੰਤਰਾਲੇ ਦਾ ਹਿੱਸਾ ਹਨ।

ਵਰਕਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/workersadvisers
1-800-663-4261 (ਬੀ.ਸੀ. ਵਿੱਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/employersadvisers
1-800-925-2233 (ਬੀ.ਸੀ. ਵਿੱਚ ਮੁਫਤ)

**WCAT ਨਾਲ ਸੰਪਰਕ ਕਰੋ।** ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿੱਚ ਮਦਦ ਲਈ WCAT ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕਾਨੂੰਨੀ ਸਲਾਹ ਨਹੀਂ ਦਿੰਦੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਦੇ।

ਤੁਸੀਂ ਸਾਡੇ ਮੈਨੂਅਲ ਵਿੱਚ ਨਿਯਮਾਂ ਅਤੇ ਕਾਰਵਾਈਆਂ ਬਾਰੇ ਹੋਰ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ।: wcat.bc.ca > resources> manual of rules of practice and procedure